Dic. Draft

ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ. 445/CC ਮਿਤੀ 17/11/15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ - 1 ਸ਼ਾਖਾ)

13178
17 NOV 2015

## ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਸ੍ਰੀ ਕੰਵਲਜੀਤ ਸਿੰਘ ਕਪੂਰ, ਨਿਗਰਾਨ ਇੰਜੀਨੀਅਰ, ਸੀਨੀਆਰਤਾ ਨੰ: 12, ਜਿਸ ਨੂੰ ਹੋਰਨਾਂ ਅਧਿਕਾਰੀਆਂ ਦੇ ਨਾਲ-ਨਾਲ, ਮਿਤੀ 12.10.2015 ਨੂੰ ਹੋਈ ਵਿਭਾਗੀ ਤਰੱਕੀ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ, ਸਰਕਾਰ ਦੇ ਦਫ਼ਤਰੀ ਹੁਕਮ ਨੰ: 03/06/2014-2ਸਿੰਪ੍ਰੋ(1)/616371/1-7, ਮਿਤੀ 26.10.2015 ਰਾਹੀਂ ਬਤੌਰ ਮੁੱਖ ਇੰਜੀਨੀਅਰ, ਇਸ ਸ਼ਰਤ ਤੇ ਪੱਦ ਉਨਤ ਕੀਤਾ ਗਿਆ ਸੀ ਕਿ ਇਹ ਪਦ-ਉਨਤੀ ਮਿਤੀ 01.11.2015 ਤੋਂ ਲਾਗੂ ਹੋਵੇਗੀ। ਪਰੰਤੂ ਵਿੱਤ ਵਿਭਾਗ ਵੱਲੋਂ ਪੱਤਰ ਨੰ: 22/02/2012-3ਐਫਪੀ2/257, ਮਿਤੀ 30.10.2015 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ, ਜੋ ਕਿ ਜਾਰੀ ਹੋਣ ਦੀ ਮਿਤੀ ਤੋਂ ਹੀ ਲਾਗੂ ਕੀਤੀਆਂ ਹਨ ਅਤੇ ਅਤੇ ਪੰਜਾਬ ਸਿਵਲ ਸੇਵਾਵਾਂ (ਸੈਕਿੰਡ ਅਮੈਂਡਮੈਂਟ) ਵਿੱਚ ਕੀਤੀ ਗਈ ਸੋਧ, ਜਿਨ੍ਹਾਂ ਅਨੁਸਾਰ ਸੇਵਾ ਕਾਲ ਵਿੱਚ ਵਾਧੇ ਤੇ ਚੱਲ ਰਹੇ ਕਰਮਚਾਰੀਆਂ ਨੂੰ ਤਰੱਕੀ ਆਦਿ ਦਾ ਲਾਭ ਨਹੀਂ ਦਿੱਤਾ ਜਾਣਾ ਹੈ, ਦੇ ਸਨਮੁੱਖ ਸ੍ਰੀ ਕੰਵਲਜੀਤ ਸਿੰਘ ਕਪੂਰ, ਨਿਗਰਾਨ ਇੰਜੀਨੀਅਰ ਦੇ ਸਰਕਾਰ ਦੇ ਪੱਤਰ ਨੰ: 03/06/2014-2ਸਿੰਪ੍ਰੋ(1)/616371/1-7, ਮਿਤੀ 26.10.2015 ਰਾਹੀਂ ਬਤੌਰ ਮੁੱਖ ਇੰਜੀਨੀਅਰ ਕੀਤੇ ਗਏ ਤਰੱਕੀ ਦੇ ਹੁਕਮ ਰੱਦ ਕੀਤੇ ਜਾਂਦੇ ਹਨ।

2. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

3. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਮਿਤੀ, ਚੰਡੀਗੜ੍ਹ:
13 ਨਵੰਬਰ, 2015

ਪਿੱਠ ਅੰਕਣ ਨੰ: 3/06/2014-2ਸਿੰਪ੍ਰੋ(1)/625527/4 ਮਿਤੀ, ਚੰਡੀਗੜ੍ਹ: 13/11/15

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
2) ਸਮੂਹ ਮੁੱਖ ਇੰਜੀਨੀਅਰ/ਸਿੰਚਾਈ ਵਿਭਾਗ, ਪੰਜਾਬ;
3) ਸਕੱਤਰ, ਬੀ.ਬੀ.ਐਮ.ਬੀ., ਮੱਧਿਆ ਮਾਰਗ, ਸੈਕਟਰ - 19, ਚੰਡੀਗੜ੍ਹ;
4) ਇੰਚਾਰਜ ਕੰਪਿਊਟਰ ਸੈੱਲ, ਮੁੱਖ ਦਫਤਰ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ; ਅਤੇ
5) ਸਬੰਧਤ ਅਧਿਕਾਰੀ।

ਕੰਪਿਊਟਰ ਸੈੱਲ

ਸੁਪਰਡੰਟ

ਅੰਦਰੂਨੀ ਵੰਡ:-

- ਨਿੱ:ਸ:/ਮਾਨਯੋਗ ਸਿੰਚਾਈ ਮੰਤਰੀ ਜੀ;
- ਨਿੱ:ਸ:/ਮਾਨਯੋਗ ਪ੍ਰਮੁੱਖ ਸਕੱਤਰ, ਸਿੰਚਾਈ ਜੀ;
- ਨਿੱ:ਸ:/ਮਾਨਯੋਗ ਸਕੱਤਰ, ਸਿੰਚਾਈ ਜੀ।